ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਵਿਚਾਰਧਾਰਕ ਪਰਿਪੇਖ

**ਮਨਦੀਪ ਕੌਰ**
ਅਸਿਸਟੈਂਟ ਪ੍ਰੋਫੈਸਰ
ਪੰਜਾਬੀ ਵਿਭਾਗ, ਗੁਰੂ ਨਾਨਕ ਕਾਲਜ, ਸ੍ਰੀ ਮੁਕਤਸਰ ਸਾਹਿਬ

**ਸਾਰ:**

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਮਨੁੱਖੀ ਜੀਵਨ, ਸੰਸਾਰ ਦੀ ਅਸਥਿਰਤਾ ਅਤੇ ਪਰਮਾਤਮਾ ਨਾਲ ਅਟੁੱਟ ਸੰਬੰਧ ਦੀ ਗਹਿਰੀ ਦਾਰਸ਼ਨਿਕ ਵਿਆਖਿਆ ਪੇਸ਼ ਕਰਦੀ ਹੈ। ਆਪ ਦੀ ਬਾਣੀ ਦਾ ਕੇਂਦਰੀ ਸੰਦੇਸ਼ ਮਨੁੱਖ ਨੂੰ ਮਾਇਆ, ਮੋਹ, ਲੋਭ, ਕਾਮ, ਕ੍ਰੋਧ ਅਤੇ ਅਹੰਕਾਰ ਵਰਗੇ ਵਿਕਾਰਾਂ ਤੋਂ ਉੱਪਰ ਉੱਠ ਕੇ ਨਾਮ-ਸਿਮਰਨ ਅਤੇ ਸਦਾਚਾਰਕ ਜੀਵਨ ਵੱਲ ਪ੍ਰੇਰਿਤ ਕਰਨਾ ਹੈ। ਗੁਰੂ ਜੀ ਸੰਸਾਰ ਨੂੰ ਨਾਸ਼ਵਾਨ, ਸੁਪਨੇ ਸਮਾਨ ਅਤੇ ਮ੍ਰਿਗ-ਤ੍ਰਿਸ਼ਨਾ ਵਾਂਗ ਦੱਸਦੇ ਹੋਏ ਮਨੁੱਖ ਨੂੰ ਇਸ ਨਾਲ ਮੋਹ ਨਾ ਜੋੜਨ ਦੀ ਸਿੱਖਿਆ ਦਿੰਦੇ ਹਨ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਮਨੁੱਖ ਨੂੰ ਸੁਖ-ਦੁਖ, ਲਾਭ-ਹਾਨੀ ਅਤੇ ਮਾਨ-ਅਪਮਾਨ ਨੂੰ ਸਮਦਰਸ਼ੀ ਭਾਵ ਨਾਲ ਸਵੀਕਾਰ ਕਰਨ ਦਾ ਉਪਦੇਸ਼ ਦਿੰਦੀ ਹੈ। ਆਪ ਮਨ ਦੀ ਚੰਚਲਤਾ ਅਤੇ ਤ੍ਰਿਸ਼ਨਾ ਨੂੰ ਮਨੁੱਖੀ ਦੁੱਖਾਂ ਦਾ ਮੁੱਖ ਕਾਰਨ ਮੰਨਦੇ ਹਨ ਅਤੇ ਦੱਸਦੇ ਹਨ ਕਿ ਕੇਵਲ ਪਰਮਾਤਮਾ ਦੀ ਕਿਰਪਾ, ਨਾਮ-ਸਿਮਰਨ ਅਤੇ ਸਾਧ ਸੰਗਤ ਦੁਆਰਾ ਹੀ ਮਨੁੱਖ ਜੀਵਨ-ਮੁਕਤੀ ਦੀ ਅਵਸਥਾ ਪ੍ਰਾਪਤ ਕਰ ਸਕਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਮਨੁੱਖੀ ਦੇਹੀ ਨੂੰ ਬੰਦਗੀ ਤੇ ਪ੍ਰਭੂ-ਪ੍ਰਾਪਤੀ ਵੱਲ ਲਾਉਣ ਤੇ ਦਾ ਜ਼ੋਰ ਦਿੱਤਾ ਗਿਆ ਹੈ। ਗੁਰੂ ਜੀ ਰਿਸ਼ਤਿਆਂ ਦੀ ਅਸਥਿਰਤਾ, ਸੰਸਾਰੀ ਮਿੱਤਰਾਂ ਦੀ ਸਵਾਰਥੀ ਪ੍ਰਕ੍ਰਿਤੀ ਅਤੇ ਮਾਇਆ ਦੇ ਝੂਠੇ ਆਕਰਸ਼ਣਾਂ ਨੂੰ ਉਘਾੜ ਕੇ ਮਨੁੱਖ ਨੂੰ ਪਰਮਾਤਮਾ ਦੀ ਸ਼ਰਨ ਵਿਚ ਜਾਣ ਲਈ ਪ੍ਰੇਰਿਤ ਕਰਦੇ ਹਨ।

ਇਸ ਪ੍ਰਕਾਰ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵੈਰਾਗ, ਤਿਆਗ ਅਤੇ ਆਤਮਿਕ ਉੱਚਤਾ ਦੀ ਪ੍ਰਤੀਕ ਹੈ, ਜੋ ਅਜੋਕੇ ਭੌਤਿਕਤਾਵਾਦੀ ਯੁਗ ਵਿੱਚ ਵੀ ਮਨੁੱਖ ਲਈ ਬਹੁਤ ਹੀ ਪ੍ਰਸੰਗਿਕ, ਮਾਰਗਦਰਸ਼ਕ ਅਤੇ ਆਤਮਿਕ ਉਤਕਰਸ਼ ਦਾ ਸ੍ਰੋਤ ਹੈ।

**ਕੁੰਜੀ ਸ਼ਬਦ** : ਤਿਆਗ, ਪ੍ਰਭੂ-ਭਗਤੀ, ਨਾਮ-ਸਿਮਰਨ, ਵੈਰਾਗ ,ਤਪੱਸਿਆ, ਖਿਮਾ, ਮਨੁੱਖੀ ਮੁੱਲ, ਸੰਸਾਰ ਦੀ ਨਾਸ਼ਮਾਨਤਾ

ਜੀਵਨ ਦੀ ਅਸਥਿਰਤਾ, ਮਾਇਆ ,ਮ੍ਰਿਗ ਤ੍ਰਿਸ਼ਨਾ ਮਾਇਆ, ਮਨ ਦੀ ਚੰਚਲਤਾ ,ਕਾਮ, ਕ੍ਰੋਧ, ਲੋਭ, ਮੋਹ, ਹੰਕਾਰ,ਸਦਾਚਾਰ ਨਿਰਲੇਪਤਾ, ਸਮਦਰਸ਼ਤਾ, ਜੀਵਨ-ਮੁਕਤੀ ,ਸਾਧ ਸੰਗਤ, ਗੁਰੂ ਦੀ ਸ਼ਰਨ ,ਮਨੁੱਖਾ ਜਨਮ ਦੀ ਮਹੱਤਤਾ,ਆਤਮਿਕ ਉੱਚਤਾ,

ਨਿਰਾਸ਼ਾਵਾਦ ਤੋਂ ਉੱਪਰ ਉੱਠਣਾ, ਦੁੱਖ-ਸੁੱਖ ਦੀ ਸਮਾਨ ਦ੍ਰਿਸ਼ਟੀ, ਅਜੋਕੇ ਮਨੁੱਖ ਲਈ ਪ੍ਰਸੰਗਿਕਤਾ, ਮਨੁੱਖੀ ,ਮਨ ਦੀ ਚੰਚਲਤਾ,

ਦੁੱਖ-ਸੁੱਖ ਦੀ ਸਮਾਨ ਦ੍ਰਿਸ਼ਟੀ,ਅਜੋਕੇ ਮਨੁੱਖ ਲਈ ਪ੍ਰਸੰਗਿਕਤਾ

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਚਾਰਧਾਰਕ ਪਰਿਪੇਖ

ਸਿੱਖਾਂ ਦੇ ਨੌਵੇਂ ਗੁਰੂ ਤੇਗ਼ ਬਹਾਦਰ ਆਪਣੇ ਤਿਆਗ, ਪ੍ਰਭੂ-ਭਗਤੀ, ਪਰਉਪਕਾਰ, ਵੈਰਾਗ, ਤਪੱਸਿਆ ਅਤੇ ਖਿਮਾ ਲਈ ਵਿਸ਼ਵ ਭਰ ਵਿੱਚ ਪ੍ਰਸਿੱਧ ਹਨ। ਗੁਰੂ ਤੇਗ਼ ਬਹਾਦਰ ਸ਼ਾਂਤੀ, ਤਿਆਗ, ਜੀਵਨ-ਮੁਕਤੀ ਦੇ ਸਾਕਾਰ ਸਰੂਪ ਸਨ। ਗੁਰੂ ਤੇਗ਼ ਬਹਾਦਰ ਜੀ ਦਾ ਜਨਮ 1 ਅਪ੍ਰੈਲ 1621 ਈਸਵੀ ਨੂੰ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗ੍ਰਹਿ ਵਿਖੇ ਮਾਤਾ ਨਾਨਕੀ ਜੀ ਦੇ ਕੁੱਖੋਂ ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ। ਆਪ ਸਿੱਖ ਕੌਮ ਦੇ ਪਹਿਲੇ ਅਤੇ ਮਹਾਨ ਸ਼ਹੀਦ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੋਤੇ ਸਨ। ਆਪ ਗੁਰੂ ਜੀ ਦੇ ਪੰਜ ਸਾਹਿਬਜ਼ਾਦਿਆਂ ਵਿੱਚੋਂ ਸਭ ਤੋਂ ਛੋਟੇ ਸਨ। ਗੁਰੂ ਤੇਗ਼ ਬਹਾਦਰ ਨੇ ਆਪਣੇ ਜੀਵਨ ਦੇ ਪਹਿਲੇ ਨੌਂ ਵਰ੍ਹੇ ਅੰਮ੍ਰਿਤਸਰ ਵਿਖੇ ਗੁਜ਼ਾਰੇ। ਗੁਰੂ ਤੇਗ ਬਹਾਦਰ ਜੀ ਦੀ ਬਾਲ ਲੀਲ੍ਹਾ ਨੂੰ ਵੇਖ ਕੇ ਆਪ ਦੇ ਪਿਤਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਆਖਿਆ ਕਰਦੇ ਸਨ ਕਿ ਇਹ ਬਾਲਕ ਸੱਚਾ ਸੰਤ ਅਤੇ ਧਰਮ ਰੱਖਿਅਕ ਬਣੇਗਾ। ਆਪ ਦਾ ਮੁਢਲਾ ਨਾਮ ਤਿਆਗ ਮੱਲ ਸੀ। ਕਰਤਾਰਪੁਰ ਦੀ ਲੜਾਈ (26 ਅਪ੍ਰੈਲ, 1635) ਵਿੱਚ ਬਾਲਕ ਤਿਆਗ ਮੱਲ ਨੇ, ਜੋ ਉਸ ਸਮੇਂ ਕੇਵਲ ਚੌਦਾਂ ਕੁ ਵਰ੍ਹਿਆਂ ਦਾ ਸੀ, ਬੜੀ ਬੀਰਤਾ ਵਿਖਾਈ। ਉਸਨੇ ਘੋੜੇ ਦੀ ਪਿੱਠ ਉੱਤੇ ਸਵਾਰ ਹੋ ਕੇ ਕਾਲੇ ਖਾਨ ਤੇ ਪੈਂਦੇ ਖਾਨ ਦੀ ਅਗਵਾਈ ਵਿੱਚ ਆਈਆਂ ਮੁਗਲ ਫੌਜਾਂ ਦੇ ਆਹੂ ਲਾਹ ਦਿੱਤੇ। ਗੁਰੂ ਹਰਗੋਬਿੰਦ ਸਾਹਿਬ ਆਪ ਦੀ ਬੀਰਤਾ ਤੋਂ ਇੰਨੇ ਪ੍ਰਸੰਨ ਹੋਏ ਕਿ ਤਿਆਗ ਮੱਲ ਤੋਂ ਆਪਦਾ ਨਾਮ ਤੇਗ ਬਹਾਦਰ ਰੱਖ ਦਿੱਤਾ।[1] ਗੁਰੂ ਹਰਗੋਬਿੰਦ ਸਾਹਿਬ ਆਪ ਦੀ ਵੀਰਤਾ ਤੋਂ ਇੰਨੇ ਪ੍ਰਸੰਨ ਹੋਏ ਕਿ ਤਿਆਗ ਮੱਲ ਤੋਂ ਆਪ ਦਾ ਨਾਮ ਤੇਗ਼ ਬਹਾਦਰ ਰੱਖ ਦਿੱਤਾ ।ਆਪ ਨੇ ਧਰਮ ਅਤੇ ਮਾਨਵਤਾ ਖ਼ਾਤਿਰ ਆਪਣੀ ਜ਼ਿੰਦਗੀ ਦੀ ਪਰਵਾਹ ਕੀਤੇ ਬਿਨਾਂ ਕਸ਼ਮੀਰੀ ਪੰਡਿਤਾਂ ਲਈ ਸ਼ਹਾਦਤ ਦਾ ਜਾਮ ਪੀਤਾ, ਜਿਸ ਕਰਕੇ ਆਪ ਨੂੰ ਹਿੰਦ ਦੀ ਚਾਦਰ ਵੀ ਕਿਹਾ ਜਾਂਦਾ ਹੈ।

ਗੁਰੂ ਤੇਗ਼ ਬਹਾਦਰ ਸਾਹਿਬ ਨੇ 59 ਸ਼ਬਦ ਅਤੇ 57 ਸ਼ਲੋਕਾਂ ਦੀ ਰਚਨਾ ਕੀਤੀ। ਗੁਰੂ ਤੇਗ ਬਹਾਦਰ ਸਾਹਿਬ ਮਨੁੱਖ ਨੂੰ ਪਰਮਾਤਮਾ ਦੇ ਅਸਤਿਤਵ ਨੂੰ ਦ੍ਰਿੜ ਕਰਵਾਉਣ ਲਈ ਜੀਵਨ ਅਤੇ ਸੰਸਾਰ ਦੀ ਨਾਸ਼ਮਾਨਤਾ ਦੇ ਬਹੁਤ ਸਾਰੇ ਵੇਰਵੇ ਪੇਸ਼ ਕਰਦੇ ਹਨ। ਪ੍ਰਭੂ ਨੇ ਮਾਇਆ ਦੇ ਮਾਧਿਅਮ ਦੁਆਰਾ ਇਸ ਜਗਤ ਦਾ ਜੋ ਪ੍ਰਪੰਚ ਰਚਿਆ ਹੈ ਉਹ ਮਨੁੱਖ ਨੂੰ ਬੇਹੱਦ ਸੁਹਾਵਣਾ ਪ੍ਰਤੀਤ ਹੁੰਦਾ ਹੈ। ਪਰ ਮਨੁੱਖ ਇਸ ਹਕੀਕਤ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਨੂੰ ਯਾਦ ਹੀ ਨਹੀਂ ਰੱਖਦਾ ਕਿ ਇਹ ਜਗਤ ਅਸਥਾਈ ਅਤੇ ਨਾਸ਼ਵਾਨ ਹੈ। ਮਨੁੱਖੀ ਜੀਵਨ ਦੀ ਦੀ ਸਭ ਤੋਂ ਵੱਡਾ ਵਿਡੰਬਨਾ ਇਹੀ ਹੈ ਕਿ ਉਸਦੇ ਸੰਗੀ ਸਾਥੀ, ਮਾਤਾ ਪਿਤਾ ਤੇ ਹੋਰ ਸਾਕ ਸਬੰਧੀ ਇੱਕ ਇੱਕ ਕਰਕੇ ਇਸ ਜਗਤ ਵਿੱਚੋਂ ਤੁਰੀ ਜਾਂਦੇ ਹਨ-:

ਸੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥

ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 219)

ਮਨੁੱਖ ਖੁਦ ਉਹਨਾਂ ਨੂੰ ਸ਼ਮਸ਼ਾਨਘਾਟ ਲਿਜਾ ਕੇ ਅਗਨੀ ਭੇਟ ਕਰਕੇ ਆਉਂਦਾ ਹੈ ਪਰ ਖੁਦ ਉਹ ਆਪਣੀ ਆ ਰਹੀ ਮੌਤ ਬਾਰੇ ਸੋਚਦਾ ਤੱਕ ਨਹੀਂ ।

ਜਗੁ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥

ਕਹਿ ਨਾਨਕ ਥਿਰੁ ਨ ਰਹੈ ਜਿਉ ਬਾਲੂ ਕੀ ਭੀਤ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1429)

ਇਹ ਸੰਸਾਰ ਦੀ ਰਚਨਾ ਝੂਠੀ ਅਤੇ ਨਾਸ਼ਵੰਤ ਹੈ। ਜਿਵੇਂ ਰੇਤ ਦੀ ਕੰਧ ਟਿਕਦੀ ਨਹੀਂ, ਉਸੇ ਤਰ੍ਹਾਂ ਸੰਸਾਰ ਵੀ ਸਦਾ ਨਹੀਂ ਰਹਿੰਦਾ।ਗੁਰੂ ਜੀ ਦੀ ਬਾਣੀ ਮਨੁੱਖ ਨੂੰ ਅਸਲੀਅਤ ਵਿੱਚ ਜਿਊਣਾ ਸਿਖਾਉਂਦੀ ਹੋਈ ਨਿਰਾਸ਼ਾਵਾਦੀ ਨਹੀਂ ਬਣਾਉਂਦੀ। ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਸੁਖ ਅਤੇ ਦੁੱਖ ਨੂੰ ਇਕਸਾਰ ਦ੍ਰਿਸ਼ਟੀ ਤੋਂ ਦੇਖਣ ਲਈ ਪ੍ਰੇਰਦੇ ਹਨ। ਉਹਨਾਂ ਅਨੁਸਾਰ ਜੀਵਨ ਸੁਪਨੇ ਦੀ ਵਾਂਗ ਹੈ। ਨਾਸ਼ਵਾਨ ਸਰੀਰ ਅਤੇ ਅਸਥਿਰ ਜੀਵਨ ਤੇ ਮਾਣ ਕਰਨਾ ਵਿਅਰਥ ਹੈ-:

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥

ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1427)

ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਵਿੱਚ ਮਨੁੱਖੀ ਮਨ ਦੀ ਚੰਚਲਤਾ, ਲੋਭ ਲਾਲਚ ਅਤੇ ਮਾਨ ਅਭਿਮਾਨ ਬਾਰੇ ਵਿਸਥਾਰ ਨਾਲ ਦੱਸਦੇ ਹਨ ਕਿ ਆਮ ਆਦਮੀ ਲਈ ਮਨ ਦੀ ਚੰਚਲਤਾ ਨੂੰ ਕਾਬੂ ਕਰਨਾ ਆਸਾਨ ਨਹੀਂ ਹੈ। ਮਨੁੱਖੀ ਮਨ ਅੰਦਰਲੀ ਤ੍ਰਿਸ਼ਨਾ ਮਨੁੱਖ ਨੂੰ ਟਿਕਣ ਨਹੀਂ ਦਿੰਦੀ। ਤ੍ਰਿਸ਼ਨਾ ਕਾਰਨ ਹੀ ਮਨੁੱਖ ਕ੍ਰੋਧੀ ਹੁੰਦਾ ਹੈ ਅਤੇ ਅਨੇਕਾਂ ਫਿਕਰਾਂ ਵਿੱਚ ਘਿਰਿਆ ਰਹਿੰਦਾ ਹੈ। ਗੁਰੂ ਸਾਹਿਬ ਦਾ ਫੁਰਮਾਣ ਹੈ ਕਿ ਜੇ ਪ੍ਰਭੂ ਕਿਰਪਾ ਕਰੇ ਤਾਂ ਹੀ ਇਸ ਮਨ ਉੱਪਰ ਨਿਯੰਤਰਣ ਕੀਤਾ ਜਾ ਸਕਦਾ ਹੈ-:

ਸਾਧੋ ਇਹੁ ਮਨ ਗਹਿਓ ਨ ਜਾਈ॥

ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰ ਨ ਰਹਾਈ॥

ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ219)

ਸੰਸਾਰ ਵਿਚ ਤੁਹਾਡਾ ਪਿਆਰਾ ਜਾਂ ਮਿੱਤਰ ਉਸ ਵੇਲੇ ਬਣਨ ਲਈ ਤਿਆਰ ਹੁੰਦਾ ਹੈ, ਜਦੋਂ ਤੁਸੀਂ ਅਮੀਰ ਹੁੰਦੇ ਹੋ, ਸੁੱਖੀ ਹੁੰਦੇ ਹੋ। ਤੁਹਾਡੇ ਕੋਲ ਦੁਨੀਆਂ ਦੀਆਂ ਸੁੱਖ-ਸਹੂਲਤਾਂ ਹੁੰਦੀਆਂ ਹਨ। ਪਰ ਜੇ ਤੁਸੀਂ ਦੁੱਖੀ ਹੋ ਜਾਂ ਤੁਹਾਡੇ 'ਤੇ ਕੋਈ ਮੁਸੀਬਤ ਆ ਜਾਵੇ ਤਾਂ ਤੁਹਾਡੇ ਨੇੜੇ ਕੋਈ ਨਹੀਂ ਲੱਗੇਗਾ ਕਿਉਂਕਿ ਜਿਹੜੇ ਤੁਹਾਡੇ ਨਾਲ ਜੁੜੇ ਮਿੱਤਰ ਸੀ, ਉਹ ਕੇਵਲ ਪਦਾਰਥਾਂ ਦਾ ਮੋਹ ਕਾਰਨ ਤੁਹਾਡੇ ਨਾਲ ਜੁੜੇ ਸੀ :

ਇਹ ਜਗਿ ਮੀਤੁ ਨ ਦੇਖਿਓ ਹੋਈ ॥

ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨਾ ਕੋਈ ॥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 633)

ਜਿਨਾਂ ਰਿਸ਼ਤਿਆਂ ਨਾਲ ਮਨੁੱਖ ਸਾਰੀ ਉਮਰ ਪਿਆਰ ਕਰਦਾ ਹੈ। ਜਿਨ੍ਹਾਂ ਤੋਂ ਬਿਨਾਂ ਉਹ ਜੀਅ ਨਹੀਂ ਸਕਦਾ ਤੇ ਸਮਝਦਾ ਹੈ ਕਿ ਉਹ ਵੀ ਉਸ ਤੋਂ ਬਿਨਾਂ ਨਹੀਂ ਰਹਿ ਸਕਦੇ ਪਰ ਅਸਲੀਅਤ ਇਹ ਹੈ ਕਿ ਮਨੁੱਖ ਦੇ ਮਰਨ ਮਗਰੋਂ ਉਹੀ ਪਿਆਰੇ ਰਿਸ਼ਤੇ ਉਸ ਮਨੁੱਖ ਨੂੰ ਅੱਗ ਵਿੱਚ ਸਾੜਦੇ ਹਨ। ਇਸ ਲਈ ਗੁਰੂ ਜੀ ਮਨੁੱਖ ਨੂੰ ਪਰਮਾਤਮਾ ਨਾਲ ਪਿਆਰ ਦਾ ਰਿਸ਼ਤਾ ਬਣਾਉਣ ਦਾ ਸੰਦੇਸ਼ ਦਿੰਦੇ ਹਨ ਜੋ ਹਰ ਸਮੇਂ ਮਨੁੱਖ ਦਾ ਸਹਾਈ ਹੁੰਦਾ ਹੈ।

ਸਦਾਚਾਰ ਦੀ ਹਰ ਧਰਮ ਵਿਚ ਵਿਸ਼ੇਸ਼ ਮਹੱਤਤਾ ਹੁੰਦੀ ਹੈ। ਗੁਰਬਾਣੀ ਵਿਚ ਇਸ 'ਤੇ ਕਾਫ਼ੀ ਬਲ ਦਿੱਤਾ ਗਿਆ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿਚ ਸਦਾਚਾਰ ਨੂੰ ਉੱਚਾ ਸਥਾਨ ਦਿੱਤਾ ਹੈ। ਆਪ ਨੇ ਮਾਇਆ, ਲੋਭ, ਮੋਹ, ਹੰਕਾਰ, ਨਿੰਦਾ, ਹਉਮੈ, ਕ੍ਰੋਧ ਆਦਿ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਆਪ ਦਾ ਮੱਤ ਹੈ ਕਿ ਸੰਸਾਰ ਵਿਚ ਰਹਿੰਦਿਆਂ ਮਨੁੱਖ ਸੰਸਾਰਕ ਪਦਾਰਥਾਂ ਵਿਚ ਇੰਨਾ ਮਗਨ ਹੋ ਜਾਂਦਾ ਹੈ ਕਿ ਉਸ ਨੂੰ ਸਭ ਕੁਝ ਭੁੱਲ ਜਾਂਦਾ ਹੈ। ਉਹ ਇਸ ਝੂਠੇ ਸੰਸਾਰ ਨੂੰ ਹੀ ਸੱਚ ਮੰਨ ਲੈਂਦਾ ਹੈ ਅਤੇ ਉਸ ਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਇਹ ਸਾਰੇ ਸੰਸਾਰੀ ਪਦਾਰਥ ਸਥਿਰ ਹਨ, ਪਰ ਇਹ ਸੰਸਾਰੀ ਪਦਾਰਥ ਤਾਂ ਮ੍ਰਿਗ ਤ੍ਰਿਸ਼ਨਾ ਸਮਾਨ ਹਨ :


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹ ਜਗ ਦੇਖਿ ਤ੍ਰਾਸਿ ਉਠਿ ਧਾਵੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 219)

ਮਨੁੱਖੀ ਜੀਵਨ ਪਾਣੀ ਦੇ ਬੁਲਬੁਲੇ ਸਮਾਨ ਹੈ। ਜਿਹੜਾ ਮਨੁੱਖ ਵੀ ਇਸ ਸੰਸਾਰ ਵਿੱਚ ਆਇਆ ਹੈ ਉਸਨੇ ਆਖਰ ਇੱਕ ਦਿਨ ਇਥੋਂ ਚਲੇ ਜਾਣਾ ਹੈ। "ਗੁਰੂ ਜੀ ਅਨੁਸਾਰ ਮਨੁੱਖਾ ਜਨਮ ਸਭ ਤੋਂ ਉੱਤਮ ਹੈ। ਇਸ ਦਾ ਮਨੋਰਥ ਪ੍ਰਭੂ ਦੀ ਪ੍ਰਾਪਤੀ ਹੈ, ਪਰ ਆਮ ਮਨੁੱਖ ਕੁਰਾਹੇ ਪੈ ਕੇ ਚੰਮ ਸੁਆਦਾਂ ਵਿੱਚ ਪੈ ਜਾਂਦਾ ਹੈ ਅਤੇ ਜਿੰਦਗੀ ਦਾ ਮਨੋਰਥ ਭੁੱਲ ਜਾਂਦਾ ਹੈ ਉਹਨਾਂ ਨੇ ਚੰਮ ਸੁਆਦਾਂ ਨੂੰ ਤਿਆਗ ਕੇ ਹਰੀ ਸਿਮਰਨ ਦਾ ਰਸ ਅਪਣਾਉਣ ਲਈ ਮਨੁੱਖ ਨੂੰ ਵੰਗਾਰ ਪਾਈ ਹੈ ਇਹ ਉਹ ਰਸ ਹੈ ਜੋ ਪ੍ਰਾਪਤ ਹੋ ਜਾਣ ਨਾਲ ਮਨੁੱਖ ਦੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨਾਂ ਦੇ ਪੰਜ ਚੋਰ ਨੱਸ ਜਾਂਦੇ ਹਨ।"[2]

ਗੁਰੂ ਤੇਗ ਬਹਾਦਰ ਸਾਹਿਬ ਮਾਇਆ ਵਿੱਚ ਗ੍ਰਸਤ ਵਿਅਕਤੀ ਨੂੰ ਸਹੀ ਰਸਤੇ 'ਤੇ ਪਾਉਣ ਲਈ ਕਈ ਵਾਰ ਉਸਦੇ ਵਿਵਹਾਰ ਨੂੰ ਵਿਅੰਗ ਦਾ ਨਿਸ਼ਾਨਾ ਵੀ ਬਣਾਉਂਦੇ ਹਨ । ਆਪ ਫੁਰਮਾਉਂਦੇ ਹਨ ਕਿ ਇਹੋ ਜਿਹੇ ਵਿਅਕਤੀ ਨੂੰ ਚਾਹੇ ਕਿੰਨਾ ਵੀ ਸਮਝਾ ਲਵੋ ਪਰ ਉਹ ਉਸ ਉੱਪਰ ਕਿਸੇ ਵੀ ਨਸੀਹਤ ਜਾਂ ਸਿੱਖਿਆ ਦਾ ਕੋਈ ਅਸਰ ਨਹੀਂ ਹੁੰਦਾ।ਮਨੁੱਖ ਮਾਇਆ ਦੇ ਕਾਰਨ ਪਰਮਾਤਮਾ ਨੂੰ ਵਿਸਾਰ ਦਿੰਦਾ ਹੈ ਅਤੇ ਹਰ ਵੇਲੇ ਮਾਇਆ ਦੇ ਬੰਧਨਾਂ ਵਿਚ ਲੀਨ ਹੋ ਜਾਂਦਾ ਹੈ। ਮਾਇਆ ਵਿਚ ਗ੍ਰਸਤ ਹੋਣ ਕਾਰਨ ਉਹ ਪਰਮਾਤਮਾ ਦੇ ਨਾਮ ਨੂੰ ਭੁੱਲ ਜਾਂਦਾ ਹੈ ਅਤੇ ਉਸਦੀ ਭਗਤੀ ਨਹੀਂ ਕਰਦਾ, ਨਾਮ ਨਹੀਂ ਜਪਦਾ। ਸੰਸਾਰਕ ਮੋਹ ਮਾਇਆ ਵਿਚ ਆਪਣੇ ਆਪ ਨੂੰ ਫਸਾ ਲੈਂਦਾ ਹੈ ਅਤੇ ਆਪਣੀ ਮੂਰਖ਼ਤਾ ਕਰਕੇ ਪਰਮਾਤਮਾ ਨੂੰ ਭੁੱਲ ਜਾਂਦਾ ਹੈ।ਸੰਸਾਰੀ ਪਦਾਰਥਾਂ ਦੇ ਵੱਸ ਹੋ ਕੇ ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਬੁਰਾਈਆਂ ਦਾ ਸ਼ਿਕਾਰ ਹੋ ਜਾਂਦਾ ਹੈ। ਗੁਰੂ ਸਾਹਿਬ ਮਨੁੱਖ ਨੂੰ ਇਹਨਾਂ ਸਭ ਬੁਰਾਈਆਂ ਤੋਂ ਵਰਜਦੇ ਹਨ :

ਸਾਧੋ ਮਨ ਕਾ ਮਾਨੁ ਤਿਆਗਉ ॥

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸ ਭਾਗਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-219)

ਬਹੁਤੇ ਮਨੁੱਖ ਰਿਸ਼ਤੇ ਨਾਤਿਆਂ ਨੂੰ ਨਿਭਾਉਣ ਲਈ ਅਥਵਾ ਰਿਸ਼ਤੇ ਨਾਤਿਆਂ ਵਿਚ ਵੱਡਾ ਤੇ ਸਰਵੋਤਮ ਦਿਸਣ ਲਈ ਵਿਕਾਰਾਂ ਦੀ ਮਾਰਗ ਉੱਤੇ ਚੱਲਦੇ ਹਨ। ਇਹ ਆਪਣੇ ਪਰਿਵਾਰ ਨੂੰ ਸੁਖ ਦੇਣ ਲਈ ਪਾਪ ਕਮਾਉਂਦੇ ਤੇ ਭ੍ਰਿਸ਼ਟਾਚਾਰ ਕਰਦੇ ਹਨ।

ਇਸੇ ਮੰਤਵ ਲਈ ਉਹਨਾਂ ਨੂੰ ਆਪਣੀ ਨਜ਼ਰ ਵਿੱਚ ਡਿੱਗਣਾ ਪੈਂਦਾ ਹੈ ਅਤੇ ਹਰ ਉਹ ਮਾੜਾ ਕੰਮ ਕਰਨਾ ਪੈਂਦਾ ਹੈ ਜੋ ਮਾਨਵੀ ਆਦਰਸ਼ਾਂ ਦੀ ਉਲੰਘਣਾ ਕਰਦਾ ਹੈ। ਗੁਰੂ ਤੇਗ ਬਹਾਦਰ ਜੀ ਮਨੁੱਖ ਨੂੰ ਚੇਤੰਨ ਕਰਦੇ ਹਨ ਕਿ ਜਿਨਾਂ ਰਿਸ਼ਤੇਦਾਰਾਂ ਨੂੰ ਸੁਖ ਦੇਣ ਲਈ ਤੇ ਉਹਨਾਂ ਦੀ ਨਜ਼ਰ ਵਿੱਚ ਉੱਚਾ ਉੱਠਣ ਲਈ ਉਹ ਵਿਕਾਰਾਂ ਵਿੱਚ ਗ੍ਰਸਤ ਹੋ ਜਾਂਦਾ ਹੈ, ਉਹਨਾਂ ਵਿੱਚੋਂ ਕਿਸੇ ਨੇ ਵੀ ਅੰਤਿਮ ਸਮੇਂ ਉਸਦਾ ਸਹਾਈ ਨਹੀਂ ਹੋਣਾ। ਇਸ ਲਈ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਡੂੰਘਾ ਸੋਚ ਵਿਚਾਰ ਕਰੇ ਤੇ ਪ੍ਰਭੂ ਦਾ ਸਿਮਰਨ ਕਰਦਾ ਹੋਇਆ ਸੱਚੇ ਮਾਰਗ ਉੱਤੇ ਚੱਲੇ।

ਗੁਰੂ ਜੀ ਦੀ ਬਾਣੀ ਵਿਚ ਨਾਮ-ਸਿਮਰਨ ਦੀ ਮਹੱਤਤਾ ਦਾ ਬਹੁਤ ਜ਼ਿਕਰ ਮਿਲਦਾ ਹੈ। ਪਰਮਾਤਮਾ ਦੇ ਨਾਮ ਨੂੰ ਜਪ ਕੇ ਮਹਾਂ-ਪਾਪੀ ਵੀ ਤਰ ਜਾਂਦੇ ਹਨ। ਗੁਰੂ ਤੇਗ ਬਹਾਦਰ ਜੀ ਵਿਅਕਤੀ ਨੂੰ ਵਿਰੋਧਾਂ ਤੋਂ ਉੱਪਰ ਉੱਠ ਕੇ ਸਮਦਰਸ਼ੀ ਬਣਨ ਦੀ ਪ੍ਰੇਰਨਾ ਦਿੰਦੇ ਹਨ। "ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਮੁੱਖ ਸੰਦੇਸ਼ ਦਵੰਦਾਂ ਦੀ ਖੇਡ ਤੋਂ ਮੁਕਤ ਹੋਣਾ ਹੈ। ਆਪ ਦੀ ਬਾਣੀ ਵਿੱਚ 'ਜੀਵਨ-ਮੁਕਤਿ' ਜਾਂ 'ਮੁਕਤਿ' ਆਦਿ ਸ਼ਬਦਾਂ ਦੀ ਵਰਤੋਂ ਦਵੰਦਾਂ ਤੋਂ ਰਹਿਤ ਜਾਂ ਮੁਕਤ ਅਵਸਥਾ ਲਈ ਕੀਤੀ ਗਈ ਹੈ। ਜੀਵਨ-ਮੁਕਤਿ ਅਵਸਥਾ ਦੇ ਧਾਰਨੀ ਵਿਅਕਤੀ ਦੀ ਕੁਝ ਹੋਰ ਵਿਸ਼ੇਸ਼ਣ ਵੀ ਵਰਤੇ ਗਏ ਹਨ ਜਿਵੇਂ: ਨਿਰਲੇਪੀ, ਅਤੀਤਾ ਨਿਆਰਉ, ਉਦਾਸ ਆਦਿ।"[3] ਗੁਰੂ ਜੀ ਅਨੁਸਾਰ ਲੋਭ ਅਤੇ ਮੋਹ ਅੱਗੇ ਕਾਮ, ਕ੍ਰੋਧ ਤੇ ਹੰਕਾਰ ਨੂੰ ਜਨਮ ਦਿੰਦੇ ਹਨ ਅਤੇ ਇਸ ਤਰ੍ਹਾਂ ਇੱਕ ਲੋਭੀ ਅਤੇ ਮੋਹ ਗ੍ਰਸਤ ਵਿਅਕਤੀ ਕਾਮੀ, ਕ੍ਰੋਧੀ ਅਤੇ ਹੰਕਾਰੀ ਵੀ ਬਣ ਜਾਂਦਾ ਹੈ ਗੁਰੂ ਸਾਹਿਬ ਨੇ ਵਿਕਾਰਾਂ ਵਿੱਚ ਗ੍ਰਸਤ ਵਿਅਕਤੀ ਨੂੰ ਨਿਰਲੇਪ ਬਣਾਉਣ ਦੀ ਕੋਸ਼ਿਸ਼ ਕਰਦੇ ਨਜ਼ਰ ਆਉਂਦੇ ਹਨ ।ਗੁਰੂ ਸਾਹਿਬ ਜੀ ਫਰਮਾਉਂਦੇ ਹਨ:-

ਭੂਲਿਓ ਮਨ ਮਾਇਆ ਉਰਝਾਇਓ॥

ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥

ਸਮਝ ਨਾ ਪਰੀ ਬਿਖੈ ਰਸ ਰਚਿਓ ਜਸ ਹਰਿ ਕੋ ਬਿਸਰਾਇਓ॥

( ਸ੍ਰੀ ਗੁਰੂ ਗ੍ਰੰਥ ਸਾਹਿਬ , ਪੰਨਾ 633)

ਗੁਰੂ ਜੀ ਅਨੁਸਾਰ ਜਿਹੜਾ ਮਨੁੱਖ ਸਾਧ ਦੀ ਸੰਗਤ ਭਾਵ ਸ਼ਰਨ ਵਿਚ ਆ ਜਾਂਦਾ ਹੈ, ਉਸਨੂੰ ਮੁਕਤੀ ਦਾ ਮਾਰਗ ਆਸਾਨੀ ਨਾਲ ਮਿਲ ਜਾਂਦਾ ਹੈ। ਗੁਰਬਾਣੀ ਵਿਚ ਸਾਧ ਸੰਗਤ ਦਾ ਮਹੱਤਵਪੂਰਨ ਸਥਾਨ ਹੈ। ਉੱਚੇ ਸੁੱਚੇ ਸਾਧਾਂ ਦੀ ਸੰਗਤ ਮਨੁੱਖ ਨੂੰ ਪਰਮਾਤਮਾ ਦੇ ਨੇੜੇ ਅਤੇ ਵਿਕਾਰਾਂ ਤੋਂ ਦੂਰ ਲੈ ਜਾਂਦੀ ਹੈ। ਗੁਰੂ ਜੀ ਅਨੁਸਾਰ ਜਦੋਂ ਕੋਈ ਮਨੁੱਖ ਸਾਧ ਸੰਗਤ ਵਿਚ ਆ ਜਾਂਦਾ ਹੈ ਤਾਂ ਪਰਮਾਤਮਾ ਉਸਦੇ ਸਾਰੇ ਦੁੱਖ ਦੂਰ ਕਰਕੇ ਉਸ ਨੂੰ ਪਵਿੱਤਰ ਕਰ ਦਿੰਦਾ ਹੈ -:

ਕਰਿ ਸਾਧ ਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-631)


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗੁਰੂ ਤੇਗ ਬਹਾਦਰ ਜੀ ਦੀ ਜੀ ਦੀ ਬਾਣੀ ਵਿਚ ਨਾਮ-ਸਿਮਰਨ 'ਤੇ ਜ਼ੋਰ ਦਿੱਤਾ ਗਿਆ ਹੈ। ਭਜਨ ਬੰਦਗੀ ਕਰਕੇ ਮਨੁੱਖ ਰੰਗ ਤਮਾਸ਼ਿਆਂ ਨਾਲ ਖਚਿਤ ਦੁਨੀਆਂ ਤੋਂ ਨਿਰਲੇਪ ਰਹਿੰਦਾ ਹੈ ।ਨਾਮ-ਸਿਮਰਨ ਨਾਲ ਜੁੜ ਕੇ ਮਨੁੱਖ ਦੇ ਸਭ ਕਸ਼ਟ ਦੂਰ ਹੋ ਜਾਂਦੇ ਹਨ। ਗੁਰੂ ਜੀ ਦੀ ਬਾਣੀ ਵਿਚ ਨਾਮ-ਸਿਮਰਨ ਦੀ ਮਹੱਤਤਾ ਦਾ ਬਹੁਤ ਜ਼ਿਕਰ ਮਿਲਦਾ ਹੈ। ਪਰਮਾਤਮਾ ਦੇ ਨਾਮ ਨੂੰ ਜਪ ਕੇ ਪਾਪੀ ਵੀ ਤਰ ਜਾਂਦੇ ਹਨ। ਇਸ ਦੀਆਂ ਉਦਾਹਰਨਾਂ ਵੀ ਆਪ ਜੀ ਦੀ ਬਾਣੀ ਵਿਚ ਦੇਖਣ ਨੂੰ ਮਿਲ ਜਾਂਦੀਆਂ ਹਨ:

ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥
ਜਾ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-901)

ਗੁਰਬਾਣੀ ਅਨੁਸਾਰ ਵਿਅਕਤੀ ਨੂੰ ਮਨੁੱਖੀ ਦੇਹੀ ਪਿਛਲੇ ਜਨਮ ਵਿੱਚ ਕੀਤੇ ਹੋਏ ਚੰਗੇ ਕਰਮਾਂ ਅਤੇ ਪਰਮਾਤਮਾ ਦੀ ਮਿਹਰ ਦੁਆਰਾ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਇਸ ਲਈ ਮਨੁੱਖੀ ਦੇਹੀ ਦਾ ਸਤਿਕਾਰ ਕਰਦੇ ਹੋਏ ਵਿਅਕਤੀ ਨੂੰ ਕੇਵਲ ਚੰਗੇ ਕੰਮ ਹੀ ਕਰਨੇ ਚਾਹੀਦੇ ਹਨ। ਪਰਮਾਤਮਾ ਮਨੁੱਖ ਨੂੰ ਮਨੁੱਖੀ ਜਨਮ ਦੇ ਕੇ ਉਸਨੂੰ ਮੁਕਤ ਕਰਨਾ ਚਾਹੁੰਦਾ ਹੈ। ਪਰੰਤੂ ਮੁਕਤੀ ਦੀ ਪ੍ਰਾਪਤੀ ਲਈ ਮਨੁੱਖ ਨੂੰ ਭਜਨ ਬੰਦਗੀ ਕਰਨੀ ਪੈਂਦੀ ਹੈ । ਜਿਹੜੀ ਮਨੁੱਖ ਮਾਇਆ ਦੀ ਸਵਾਦ ਵਿੱਚ ਉਲਝ ਜਾਂਦੇ ਹਨ ਉਹ ਮੁਕਤ ਹੋਣ ਦੀ ਆਪਣੀ ਵਾਰੀ ਨੂੰ ਗੁਆ ਬੈਠਦੇ ਹਨ। ਇਹੀ ਕਾਰਨ ਹੈ ਕਿ ਗੁਰਬਾਣੀ ਵਿੱਚ ਬੜੇ ਸਪਸ਼ਟ ਸ਼ਬਦਾਂ ਵਿੱਚ ਮਨੁੱਖ ਨੂੰ ਇਸ ਅਵਸਰ ਦੇ ਮਹੱਤਵ ਬਾਰੇ ਦ੍ਰਿੜਾਇਆ ਗਿਆ ਹੈ। ਦੁਰਲਭ ਮਾਨਸ ਦੇਹੀ ਦੇ ਇਸ ਸੰਕਲਪ ਨੂੰ ਗੁਰੂ ਤੇਗ ਬਹਾਦਰ ਜੀ ਵੀ ਆਪਣੀ ਬਾਣੀ ਵਿੱਚ ਬਾਰ ਬਾਰ ਰੂਪਮਾਨ ਕਰਦੇ ਹਨ-:

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥
ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 633)

ਇਸ ਉਦੇਸ਼ ਲਈ ਕਿਸੇ ਸੱਚੇ ਗੁਰੂ ਦੀ ਸ਼ਰਨ ਵਿੱਚ ਜਾਣ ਦੀ ਜ਼ਰੂਰਤ ਹੁੰਦੀ ਹੈ। ਜਿਹੜਾ ਵਿਅਕਤੀ ਗੁਰੂ ਨੂੰ ਆਪਣੇ ਸਨਮੁੱਖ ਮੰਨ ਕੇ ਸਾਰੇ ਕਾਰ ਵਿਹਾਰ ਕਰਦਾ ਹੈ, ਉਹ ਮਾਇਆ ਦੇ ਰੰਗ ਤਮਾਸ਼ਿਆਂ ਤੋਂ ਬਚ ਨਿਕਲਦਾ ਹੈ। ਉਹ ਵਿਅਕਤੀ ਮਾਇਆ ਤੋਂ ਉੱਪਰ ਉੱਠ ਕੇ ਆਪਣੇ ਜੀਵਨ ਨੂੰ ਸਫ਼ਲ ਅਤੇ ਸਾਰਥਕ ਬਣਾ ਲੈਂਦਾ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਜੀਵਨ ਦੇ ਦੁਖਾਂ, ਸੰਸਾਰ ਦੇ ਦੁੱਖਾਂ, ਜਗਤ ਦੀ ਅਸਥਿਰਤਾ, ਮਨੁੱਖੀ ਜੀਵਨ ਦੀ ਨਾਸ਼ਮਾਨਤਾ, ਜੀਵਨ ਦੀ ਦੁਰਦਸ਼ਾ ਕਾਲ ਦੀ ਸ਼ਕਤੀ, ਭੋਗਾਂ ਦੀ ਨੀਰਸਤਾ, ਸਾਧ ਸੰਗਤ ਦੀ ਮਹੱਤਤਾ, ਗੁਰੂ ਦਾ ਅਹਿਮ ਸਥਾਨ ਆਦਿ ਵਿਸ਼ਿਆਂ ਨੂੰ ਰੂਪਮਾਨ ਕੀਤਾ ਗਿਆ ਹੈ। ਭਾਵੇਂ ਇਹ ਵਿਸ਼ੇ ਹੋਰ ਗੁਰੂ ਸਾਹਿਬਾਨ ਦੀ ਬਾਣੀ ਵਿੱਚ ਵੀ ਇਸੇ ਅੰਦਾਜ਼ ਵਿੱਚ ਆਏ ਹਨ ਪਰੰਤੂ ਗੁਰੂ ਤੇਗ ਬਹਾਦਰ ਜੀ ਨੇ ਵਧੇਰੇ ਸ਼ਿੱਦਤ ਤੇ ਇਕਾਗਰਤਾ ਨਾਲ ਇਹਨਾਂ ਵਿਸ਼ਿਆਂ ਨੂੰ ਮੂਰਤੀਮਾਨ ਕੀਤਾ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਵੈਰਾਗਮਈ ਵੀ ਕਿਹਾ ਗਿਆ ਹੈ। ਤੇਗ ਬਹਾਦਰ ਜੀ ਨੇ ਆਪਣੇ ਯੁਗ ਅਤੇ ਜਗਤ ਦੇ ਪ੍ਰਪੰਚ ਨੂੰ ਬੜੀ ਦਿਬਦ੍ਰਿਸ਼ਟੀ ਨਾਲ ਨਿਹਾਰਿਆ ਅਤੇ ਮਨੁੱਖ ਨੂੰ ਇਸ ਦੇ ਆਕਰਸ਼ਣ ਤੋਂ ਮੁਕਤ ਕਰਨ ਲਈ ਬੜੇ ਵਿਆਪਕ ਅਤੇ ਬਲਵਾਨ ਸੂਤਰ ਪੇਸ਼ ਕੀਤੇ। ਆਪ ਦਾ ਸਮੁੱਚਾ ਜੀਵਨ, ਵਿਚਾਰਧਾਰਾ ਅਤੇ ਬਾਣੀ ਅਜੋਕੇ ਮਨੁੱਖ ਲਈ ਅਤਿਅੰਤ ਪ੍ਰਸੰਗਿਕ ਅਤੇ ਮਾਰਗ ਦਰਸ਼ਕ ਹੈ।

**ਹਵਾਲੇ ਤੇ ਟਿੱਪਣੀਆਂ -:**

1. History of the Sikhs and Their Religion, SGPC,2004,P.216
2. ਤਰਲੋਚਨ ਸਿੰਘ, ਹਿੰਦ ਦੇ ਪੀਰ- ਗੁਰੂ ਤੇਗ ਬਹਾਦਰ ਜੀ (ਜੀਵਨੀ), ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ, 2020, ਪੰਨਾ 8
3. ਕਿਸ਼ਨ ਲਾਲ ਸ਼ਰਮਾ, ਗੁਰੂ ਤੇਗ ਬਹਾਦਰ: ਚਿੰਤਨ, ਕਲਾ ਤੇ ਬਾਣੀ, ਪੰਨਾ 69


© Copyright @ Authors